News release

# 12 ਸਾਲ ਤੋਂ ਵੱਧ ਦੇ ਸਾਰੇ ਅਲਬਰਟਾਵਾਸੀ ਹੁਣ ਵੈਕਸੀਨ ਦੀ ਦੂਜੀ ਖੁਰਾਕ ਲੈਣ ਦੇ ਯੋਗ ਹਨ

June 18, 2021 Media inquiries

## ਤੁਰੰਤ ਲਾਗੂ ਸਥਿਤੀ ਵਿੱਚ ਕੋਈ ਵੀ ਅਲਬਰਟਾਵਾਸੀ ਜਿਸਨੇ mRNA (ਫਾਈਜ਼ਰ ਜਾਂ ਮੌਡਰਨਾ) ਦੀ ਪਹਿਲੀ ਖੁਰਾਕ ਮਈ ਜਾਂ ਇਸਤੋਂ ਪਹਿਲਾਂ ਲਈ ਹੈ ਉਹ ਕੋਵਿਡ-19 ਦੀ ਦੂਜੀ ਖੁਰਾਕ ਲਈ ਬੁਕਿੰਗ ਕਰ ਸਕਦੇ ਹਨ।

ਅਲਬਰਟਾ 25 ਪ੍ਰਤੀਸ਼ਤ ਲੋਕਾਂ ਨੂੰ ਦੋਵੇਂ ਖੁਰਾਕਾਂ ਦੇਣ ਦੇ ਨਾਲ ਨਾਲ ਲਗਾਤਾਰ ਦੂਜੀ ਖੁਰਾਕ ਦੇਣ ਵਿੱਚ ਵੀ ਕਨੇਡਾ ਵਿੱਚ ਮੋਹਰੀ ਹੈ। ਅਲਬਰਟਾ ਸਾਰੇ ਅਲਬਰਟਾਵਾਸੀਆਂ ਲਈ ਬੁਕਿੰਗ ਖੋਲ ਕੇ ਹੁਣ ਦੂਜੀ ਖੁਰਾਕ ਦੇਣ ਦੇ ਕੰਮ ਵਿੱਚ ਤੇਜੀ ਲਿਆ ਰਿਹਾ ਹੈ।

ਜਿਸਨੇ ਪਹਿਲੀ mRNA ਖੁਰਾਕ ਜੂਨ ਵਿੱਚ ਲਈ ਹੈ ਉਹ ਹੁਣ ਪਹਿਲੀ ਖੁਰਾਕ ਦੇ 4 ਹਫਤਿਆਂ ਦੇ ਅੰਤਰਾਲ ਤੇ ਦੂਜੀ ਖੁਰਾਕ ਲਈ ਬੁਕਿੰਗ ਕਰ ਸਕਦੇ ਹਨ। ਇਸਦਾ ਮਤਲਬ 9,83,000 ਅਲਬਰਟਨਜ਼ ਹੁਣ ਏਐਚਐਸ ਅਤੇ ਭਾਗੀਦਾਰ ਫਾਰਮੇਸੀਆ ਅਤੇ ਚਿਕਿਤਸਕ ਕਲੀਨਿਕਾਂ ਦੁਆਰਾ ਦੂਜੀ ਖੁਰਾਕ ਬੁੱਕ ਕਰ ਸਕਦੇ ਹਨ।

**ਦੂਜੀ ਖੁਰਾਕ ਲਈ ਅਪੋਆਂਇੰਟਮੈਂਟ ਦੀ ਬੁਕਿੰਗ:**

ਜਿੰਨਾਂ ਅਲਬਰਟਾਵਾਸੀ ਨੇ mRNA (ਫਾਈਜ਼ ਜਾਂ ਮੌਡਰਨਾ) ਦੀ ਪਹਿਲੀ ਖੁਰਾਕ 4 ਹਫਤੇ ਪਹਿਲਾਂ ਲਈ ਹੈ ਉਹ ਏਐਚਐਸ ਦੇ ਆਨਲਾਈਨ ਬੁਕਿੰਗ ਟੂਲ, 811 ਤੇ ਕਾਲ ਕਰਕੇ ਜਾਂ ਭਾਗੀਦਾਰ ਫਾਰਮੇਸੀ ਅਤੇ ਡਾਕਟਰ ਕੋਲ ਜਾ ਕੇ ਅਪੋਆਇੰਟਮੈਂਟ ਬੁਕ ਕਰ ਸਕਦੇ ਹਨ। ਨੇੜਲੀ ਮਿਤੀ ਨਾਲ ਫਾਰਮੇਸੀ ਲੱਭਣ ਲਈ Alberta Blue Cross ਤੇ ਦਰਜ ਸੂਚੀ ਵੇਖੋ।

ਜਿੰਨਾਂ ਅਲਬਰਟਾਵਾਸੀਆਂ ਨੇ ਐਸਟਰਾਜ਼ੈਨਿਕਾ ਦੀ ਪਹਿਲੀ ਖੁਰਾਕ ਲਈ ਹੈ ਉਹ ਵੱਧੀਆ ਨਤੀਜੇ ਲਈ ਘੱਟੋ ਘੱਟ 8 ਹਫਤੇ ਦੂਜੀ ਖੁਰਾਕ ਦੀ ਉਡੀਕ ਕਰਨ। ਏਐਚਐਸ ਨੂੰ 811 ਤੇ ਕਾਲ ਕਰਕੇ ਬੁਕਿੰਗ ਕੀਤੀ ਜਾ ਸਕਦੀ ਹੈ।

ਪਹਿਲੀ ਖੁਰਾਕ ਨੂੰ ਲਗਾਤਾਰ ਤਰਜੀਹ ਦਿੱਤੀ ਜਾਵੇਗੀ। ਜਿੰਨਾਂ ਅਲਬਰਟਾਵਾਸੀਆਂ ਨੇ ਅਜੇ ਤੱਕ ਪਹਿਲੀ ਖੁਰਾਕ ਨਹੀਂ ਲਈ ਉਨਾਂ ਨੂੰ ਜਲਦ ਤੋਂ ਜਲਦ ਇਸਦੀ ਬੁਕਿੰਗ ਕਰਨ ਲਈ ਉਤਸ਼ਾਹਿਤ ਕਤਾ ਜਾਂਦਾ ਹੈ। ਨਾਲ ਹੀ ਜੇ ਤੁਸੀਂ ਪਹਿਲੀ ਖੁਰਾਕ ਲੈ ਲਈ ਹੈ ਤਾਂ alberta.ca/lottery ਤੇ 24 ਜੂਨ ਨੂੰ ਰਾਤ ਦੇ 11:59 ਵਜੇ ਤੋਂ ਪਹਿਲਾਂ ਰਜਿਸਟਰ ਕਰੋ ਅਤੇ ਤੁਸੀਂ ਓਪਨ ਫਾਰ ਸਮਰ ਲਾਟਰੀ ਦਾ 1 ਮਿਲੀਅਨ ਡਾਲਰ ਦਾ ਇਨਾਮ ਜਿੱਤਣ ਦੇ ਯੋਗ ਹੋ।

## ਸੂਬੇ ਤੋਂ ਬਾਹਰ ਵੈਕਸੀਨੇਟਿਡ ਹੋਣ ਵਾਲਿਆਂ ਲਈ ਆਨਲਾਈਨ ਟੂਲ

AHS ਸੂਬੇ ਅਤੇ ਦੇਸ਼ ਤੋਂ ਬਾਹਰ ਵੈਕਸੀਨ ਲੈਣ ਵਾਲੇ ਅਲਬਰਟਾਵਾਸੀਆਂ ਦੇ ਰਿਕਾਰਡ ਨੂੰ ਹੈਲਥ ਰਿਕਾਰਡ ਵਿੱਚ ਦਰਜ ਕਰਨ ਲਈ ਇੱਕ new, secure web-based portal(ਸੁਰੱਖਿਅਤ ਤਰੀਕਾ) ਦੇ ਰਿਹਾ ਹੈ।

ਲੋਕ ਆਪਣੇ ਅਤੇ 18 ਸਾਲ ਤੋਂ ਘੱਟ ਦੇ ਆਪਣੇ ਬੱਚਿਆਂ ਦੇ ਸੂਬੇ ਅਤੇ ਦੇਸ਼ ਤੋਂ ਬਾਹਰ ਵੈਕਸੀਨ ਰਿਕਾਰਡ ਨੂੰ ਸਬਮਿਟ ਕਰ ਸਕਦੇ ਹਨ। ਰਿਕਾਰਡ AHS ਦੁਆਰਾ ਜਾਂਚ ਕੇ ਅਤੇ ਜਾਂਚ ਸੂਚਨਾ ਨੂੰ ਤੁਹਾਡੇ ਮਾਈ ਹੈਲਥ ਰਿਕਾਰੜ ਅਕਾਂਊਟ ਤੇ ਪ੍ਰਾਪਤ ਕੀਤਾ ਜਾਵੇਗਾ।

## ਸਬੰਧਿਤ ਜਾਣਕਾਰੀ

- Book your COVID-19 vaccine appointment

## ਮੀਡੀਆ ਪੁੱਛਗਿੱਛ


Jerrica Goodwin
587-988-3278
ਪ੍ਰੈਸ ਸੈਕਟਰੀ, ਪ੍ਰੀਮੀਅਰ ਦਫਤਰ

Tom McMillan
780-422-4905
ਅਸਿਸਟੈਂਟ ਡਾਇਰੈਕਟਰ ਕਮਿਊਨੀਕੇਸ਼ਨਜ਼,ਸਿਹਤ


---




Classification: Public